
# ਨਾਨਕ ਸਿੰਘ ਦਾ ਜੀਵਨ ਤੇ ਰਚਨਾ






ਪੰਜਾਬੀ ਦੇ ਇਸ ਸੁਪ੍ਰਸਿੱਧ ਨਾਵਲਕਾਰ ਦਾ ਜਨਮ 4 ਜੁਲਾਈ 1897 ਵਿੱਚ ਚਕ ਹਮੀਦ, ਜ਼ਿਲ੍ਹਾ ਜਿਹਲਮ (ਪਾਕਿਸਤਾਨ) ਦੀ ਧਰਤੀ ਤੇ ਭਾਈ ਬਹਾਦਰ ਚੰਦ ਦੇ ਘਰ ਹੋਇਆ। ਨਾਨਕ ਸਿੰਘ ਦਾ ਪਹਿਲਾ ਨਾਂ ਹੰਸਰਾਜ ਸੀ। ਉਮਰ ਅਜੇ 12 ਸਾਲ ਦੀ ਹੀ ਸੀ ਕਿ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ, ਪੰਜਵੀਂ ਜਮਾਤ ਵਿੱਚ ਹੀ ਸਕੂਲ ਦੀ ਪੜ੍ਹਾਈ ਛੱਡਣੀ ਪਈ। ਉਸ ਨੇ ਹਲਵਾਈ ਦੀ ਦੁਕਾਨ 'ਤੇ ਭਾਂਡੇ ਮਾਂਜੇ ਅਤੇ ਮੇਲਿਆਂ ਵਿੱਚ ਕੁਲਫ਼ੀਆਂ ਵੀ ਵੇਚੀਆਂ। ਰੁਜ਼ਗਾਰ ਦੀ ਤਲਾਸ਼ ਲਈ ਪਿਸ਼ਾਵਰ ਜਾਣਾ ਪਿਆ, ਜਿੱਥੇ ਉਸ ਦਾ ਸੰਪਰਕ ਗਿਆਨੀ ਬਾਗ ਸਿੰਘ ਨਾਲ ਹੋਇਆ। ਨਾਨਕ ਸਿੰਘ ਇਕ ਹਿੰਦੂ ਪਰਿਵਾਰ ਵਿਚ ਜਨਮੇ ਸਨ ਪਰ ਗਿਆਨੀ ਜੀ ਤੋਂ ਹੀ ਅੰਮ੍ਰਿਤ ਛੱਕ ਕੇ ਉਹ ਹੰਸਰਾਜ ਤੋਂ ਨਾਨਕ ਸਿੰਘ ਬਣ ਗਿਆ।

ਓਦੋਂ ਉਸ ਦੀ ਉਮਰ ਕੇਵਲ 13 ਸਾਲਾਂ ਦੀ ਸੀ, ਜਦੋਂ ਉਸ ਨੇ ਇੱਕ **ਸੀਹਰਫ਼ੀ** ਲਿਖੀ। ਇਸ ਤੋਂ ਬਾਅਦ ਉਸ ਦੀ ਧਾਰਮਿਕ ਗੀਤਾਂ ਦੀ ਇੱਕ ਰਚਨਾ **ਸਤਿਗੁਰ ਮਹਿਮਾ** ਪ੍ਰਕਾਸ਼ਿਤ ਹੋਈ। ਜੋ ਗੁਰਦੁਆਰਿਆਂ ਅਤੇ ਧਾਰਮਿਕ ਸਟੇਜਾਂ ਤੇ ਗਾਈ ਗਈ ਅਤੇ ਬਹੁਤ ਹੀ ਜ਼ਿਆਦਾ ਸਲਾਹੀ ਗਈ। 13 ਅਪ੍ਰੈਲ 1919 ਵਿੱਚ ਅੰਮ੍ਰਿਤਸਰ ਵਿਖੇ ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਦੇ ਪ੍ਰਭਾਵ ਅਧੀਨ ਉਸ ਨੇ **'ਖ਼ੂਨੀ ਬੈਸਾਖੀ**' ਨਾਂ ਦੀ ਇੱਕ ਲੰਮੀ ਕਵਿਤਾ ਲਿਖੀ, ਜਿਸਦੇ ਫਲਸਰੂਪ ਇੱਕ **ਦੇਸ਼ ਭਗਤ ਕਵੀਸ਼ਰ** ਵਜੋਂ ਉਹ ਪ੍ਰਸਿੱਧ ਹੋ ਗਿਆ। ਉਸ ਨੇ ਸਾਹਿਤਕ-ਜਗਤ ਵਿੱਚ ਇੱਕ ਕਵੀ/ਕਵੀਸ਼ਰ ਵਜੋਂ ਪ੍ਰਵੇਸ਼ ਕੀਤਾ।

ਨਾਨਕ ਸਿੰਘ ਦਾ ਪਹਿਲਾ ਕਾਵਿ ਸੰਗ੍ਰਹਿ 1911 ਵਿਚ **'ਸੀਹਰਫ਼ੀ ਹੰਸਰਾਜ'** ਪ੍ਰਕਾਸ਼ਿਤ ਹੋਇਆ। 1923 ਵਿਚ ਨਾਨਕ ਸਿੰਘ ਦਾ ਦੂਸਰਾ ਕਾਵਿ ਸੰਗ੍ਰਹਿ '**ਜ਼ਖ਼ਮੀ ਦਿਲ'** ਛਪਿਆ ਸੀ ਜਿਸ 'ਤੇ ਅੰਗਰੇਜ਼ੀ ਹਕੂਮਤ ਨੇ ਪਾਬੰਦੀ ਲਗਾ ਦਿੱਤੀ ਸੀ। 1922 ਵਿੱਚ ਅਕਾਲੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਜੇਲ੍ਹ ਯਾਤਰਾ ਵੀ ਕਰਨੀ ਪਈ। ਇਸ ਸਮੇਂ ਦੌਰਾਨ ਉਸ ਨੇ ਪ੍ਰਸਿੱਧ ਬੰਗਾਲੀ ਨਾਵਲਕਾਰ **ਸ਼ਰਤਚੰਦਰ** ਅਤੇ ਹਿੰਦੂ ਉਰਦੂ ਦੇ ਨਾਮਵਰ ਗਲਪਕਾਰ **ਮੁਨਸ਼ੀ ਪ੍ਰੇਮਚੰਦ** ਦੇ

ਪ੍ਰਸਿੱਧ ਨਾਵਲ ਪੜ੍ਹੇ। ਇਹਨਾਂ ਨਾਵਲਾਂ ਨੂੰ ਪੜ੍ਹਨ ਉਪਰੰਤ ਉਸ ਦੇ ਹਿਰਦੇ ਵਿੱਚ ਨਾਵਲਕਾਰ ਬਣਨ ਦੀ ਇੱਛਾ ਉਤਪੰਨ ਹੋਈ। ਇਸ ਪ੍ਰਬਲ ਇੱਛਾ ਅਧੀਨ ਉਸ ਨੇ **ਜੇਲ੍ਹ ਵਿੱਚ ਹੀ ਇੱਕ ਨਾਵਲ ਅੱਧਖਿੜੀ ਕਲੀ ਅਖ਼ਬਾਰ ਦੇ ਹਾਸ਼ੀਏ** ਤੇ ਲਿਖ ਦਿੱਤਾ ਪਰ ਜੇਲ੍ਹ ਅਧਿਕਾਰੀਆਂ ਨੇ ਇਸ ਨਾਵਲ ਨੂੰ ਜੇਲ੍ਹ ਤੋਂ ਬਾਹਰ ਨਾ ਆਉਣ ਦਿੱਤਾ। ਜੇਲ੍ਹ ਤੋਂ ਰਿਹਾਅ ਹੋਣ ਉਪਰੰਤ ਲੇਖਕ ਨੇ ਇਸ ਤੀਖਣ ਅਹਿਸਾਸ ਨੂੰ ਪ੍ਰਸਿੱਧ **ਨਾਵਲ ਅੱਧ ਖਿੜਿਆ ਫੁੱਲ** ਵਿੱਚ ਪ੍ਰਸਤੁਤ ਕੀਤਾ।

ਬਹੁਪੱਖੀ ਪ੍ਰਤਿਭਾ ਦੇ ਮਾਲਕ ਇਸ ਲੇਖਕ ਨੇ ਨਾਵਲ ਰਚਨਾ ਤੋਂ ਇਲਾਵਾ ਸਾਹਿਤ ਦੀਆਂ ਹੋਰ ਵਿਧਾਵਾਂ **ਕਹਾਣੀ, ਨਾਟਕ, ਸ੍ਵੈਜੀਵਨੀ ਅਤੇ ਅਨੁਵਾਦ** ਦੇ ਖੇਤਰ ਵਿੱਚ ਕਲਮ ਚਲਾਈ ਅਤੇ ਸਫਲਤਾ ਵੀ ਹਾਸਲ ਕੀਤੀ। ਮਾਨਵਵਾਦੀ ਅਤੇ ਸਮਾਜਵਾਦੀ ਵਿਚਾਰਾਂ ਦੇ ਧਾਰਨੀ, ਇਸ ਰਚਨਾਕਾਰ ਨੇ ਆਪਣੀ ਸਿਰਜਣ-ਪ੍ਰਕਿਰਿਆ ਵਿੱਚ ਸਮਾਜ ਸੁਧਾਰ ਮਨੋਰਥ ਨੂੰ ਮੁੱਖ ਰੱਖਦਿਆਂ ਸੁਚੇਤ ਤੌਰ ਤੇ ਸਮਕਾਲੀਨ **ਪ੍ਰਮੁਖ ਸਮਾਜਿਕ ਕੁਰੀਤੀਆਂ ਦਾ ਭਰਪੂਰ ਖੰਡਨ** ਕੀਤਾ। ਨਾਵਲਕਾਰ ਨੇ ਉਸ ਸਮੇਂ ਦੀਆਂ ਜਟਿਲ ਸਮੱਸਿਆਵਾਂ-**ਬਾਲ ਵਿਆਹ, ਅਧੇੜ ਵਿਆਹ, ਵੇਸਵਾ-ਗਮਨੀ, ਸ਼ਰਾਬਨੋਸ਼ੀ, ਜਾਤ- ਪਾਤ, ਬਾਲ- ਵਿਧਵਾ ਦਾ ਜੀਵਨ, ਧਾਰਮਿਕ ਪਖੰਡ, ਰਿਸ਼ਵਤਖੋਰੀ, ਗ਼ਰੀਬੀ, ਮਿਲਾਵਟ, ਸਮਗਲਿੰਗ** ਆਦਿ ਸਮੱਸਿਆਵਾਂ ਨੂੰ ਆਧਾਰ ਬਣਾ ਕੇ ਨਾਵਲ ਲਿਖੇ।

ਉਸ ਨੇ ਆਪਣੇ ਜੀਵਨ ਦਾ ਬਹੁਤ ਸਮਾਂ ਅੰਮ੍ਰਿਤਸਰ ਵਿਖੇ ਹੀ ਬਤੀਤ ਕੀਤਾ। ਅੰਮ੍ਰਿਤਸਰ ਰਹਿ ਕੇ ਉਸ ਨੇ ਪ੍ਰਕਾਸ਼ਨ ਦਾ ਕੰਮ ਵੀ ਅਰੰਭ ਕੀਤਾ। ਨਾਵਲ ਲਿਖਣ ਲਈ ਉਹ ਹਰ ਸਾਲ ਡਲਹੌਜ਼ੀ ਜਾਂਦਾ ਸੀ ਅਤੇ ਉੱਥੋਂ ਦੇ ਸ਼ਾਂਤ ਵਾਤਾਵਰਨ ਵਿੱਚ ਬੈਠ ਕੇ ਇੱਕ ਨਵੇਂ ਨਾਵਲ ਦੀ ਸਿਰਜਣਾ ਕਰ ਕੇ ਵਾਪਸ ਅੰਮ੍ਰਿਤਸਰ ਪਰਤਦਾ ਸੀ। ਉਸ ਦੀਆਂ ਸਮੁੱਚੀਆਂ ਮੌਲਿਕ ਅਤੇ ਅਨੁਵਾਦਿਤ ਰਚਨਾਵਾਂ ਦੀ ਸੰਖਿਆ ਛੇ ਦਰਜਨ ਤੋਂ ਵੀ ਵੱਧ ਹੈ। 1933 ਵਿੱਚ ਛਪੇ ਨਾਵਲ ਚਿੱਟਾ ਲਹੂ ਨਾਲ ਉਸ ਨੂੰ ਬਹੁਤ ਪ੍ਰਸਿੱਧੀ ਹਾਸਲ ਹੋਈ। ਉਸ ਦੇ ਲਿਖੇ ਨਾਵਲ **ਪਵਿੱਤਰ ਪਾਪੀ ਨੂੰ ਹਿੰਦੀ ਫ਼ਿਲਮ** ਵਿੱਚ ਫ਼ਿਲਮਾਇਆ ਗਿਆ ਅਤੇ ਇਸ ਫ਼ਿਲਮ ਨੂੰ ਸਾਰੇ ਭਾਰਤ ਵਿੱਚ ਬਹੁਤ ਸਲਾਹਿਆ ਗਿਆ। **1951-52** ਵਿੱਚ ਉਸ ਨੇ **ਲੋਕ ਸਾਹਿਤ** ਨਾਂ ਦਾ ਇੱਕ ਸਾਹਿਤਿਕ ਮਾਸਿਕ ਪੱਤਰ ਵੀ ਜਾਰੀ ਕੀਤਾ।

ਪੰਜਾਬੀ ਗਲਪ ਸਾਹਿਤ ਖੇਤਰ ਵਿੱਚ ਉਸ ਦੀਆਂ ਰਚਨਾਵਾਂ ਦੀ ਸਫਲਤਾ ਦਾ ਪ੍ਰਮੁਖ ਕਾਰਨ ਕਹਾਣੀ ਰਸ ਹੈ ਅਰਥਾਤ ਲੇਖਕ ਨੇ ਹਰੇਕ ਰਚਨਾ ਵਿੱਚ ਕਹਾਣੀ ਨੂੰ ਇਸ ਤਰ੍ਹਾਂ ਪ੍ਰਸਤੁਤ ਕੀਤਾ ਹੈ ਕਿ ਰਚਨਾ ਨੂੰ ਪੜ੍ਹਨ ਉਪਰੰਤ ਪਾਠਕ ਨੂੰ ਰਚਨਾ ਵਿਚਲੀ ਕਹਾਣੀ ਆਪਣੀ ਜਾਂ

ਆਪਣੇ ਨੇੜੇ-ਤੇੜੇ ਘਟੀ ਜਾਪਦੀ ਹੈ। ਪੰਜਾਬੀ ਦੇ ਇਸ **ਗਲਪ ਸਮਰਾਟ** ਦੀਆਂ ਰਚਨਾਵਾਂ ਤੇ ਹੁਣ ਤੱਕ ਖੋਜਾਰਥੀਆਂ ਵੱਲੋਂ ਬਹੁਤ ਸਾਰੀ ਖੋਜ ਹੋ ਚੁੱਕੀ ਹੈ ਤੇ ਇਹ ਸਿਲਸਿਲਾ ਅਜੇ ਵੀ ਜਾਰੀ ਹੈ।

ਨਾਨਕ ਸਿੰਘ ਨੇ **3 ਕਾਵਿ ਸੰਗ੍ਰਹਿ**, **11 ਕਹਾਣੀ ਸੰਗ੍ਰਹਿ**, **56 ਨਾਵਲ**, **2 ਆਤਮ ਕਥਾਵਾਂ** ਲਿਖੀਆਂ ਸਨ। ਗਿਣਨਾਤਮਿਕ ਅਤੇ ਗੁਣਾਤਮਿਕ ਦੋਹਾਂ ਪੱਖੋਂ ਪੰਜਾਬੀ ਸਾਹਿਤ ਖੇਤਰ ਵਿੱਚ ਵੱਡਮੁੱਲੇ ਯੋਗਦਾਨ ਸਦਕਾ **1952** ਵਿੱਚ ਮਹਿਕਮਾ ਪੰਜਾਬੀ ਪਟਿਆਲਾ ਵੱਲੋਂ ਉਸ ਨੂੰ ਸਨਮਾਨਿਤ ਕੀਤਾ ਗਿਆ। ਉਹਨਾਂ ਦੇ ਵੱਡਮੁੱਲੇ ਯੋਗਦਾਨ ਕਾਰਨ ਹੀ ਉਹਨਾਂ ਨੂੰ **ਪੰਜਾਬੀ ਨਾਵਲ ਦਾ ਪਿਤਾਮਾ** ਆਖਿਆ ਜਾਂਦਾ ਹੈ।

28 ਦਸੰਬਰ 1971 ਵਿੱਚ ਪੰਜਾਬੀ ਦੇ ਇਸ ਮਹਾਨ ਨਾਵਲਕਾਰ ਦੀ ਅੰਮ੍ਰਿਤਸਰ ਵਿੱਚ ਪ੍ਰੀਤ ਨਗਰ ਵਿਖੇ ਮੌਤ ਹੋ ਗਈ।

**ਰਚਨਾਵਾਂ**

**ਕਾਵਿ ਸੰਗ੍ਰਹਿ**

1. ਸਤਿਗੁਰ ਮਹਿਮਾ
2. ਜਖਮੀ ਦਿਲ
3. ਗੁਰਕੀਰਤ

**ਕਾਵਿ ਰਚਨਾਵਾਂ**

- ਸੀਹਰਫ਼ੀ ਹੰਸ ਰਾਜ
- ਸਤਿਗੁਰ ਮਹਿਮਾ
- ਗੁਰਕੀਰਤ
- ਜ਼ਖਮੀ ਦਿਲ
- ਖ਼ੂਨੀ ਵੈਸਾਖੀ
- ਸਾਕਾ ਨਨਕਾਣਾ ਸਾਹਿਬ
- ਸਾਕਾ ਪੰਜ ਸਾਹਿਬ
- ਸੰਗੀਤ- ਪੁਸ਼ਪ

## ਕਹਾਣੀ ਸੰਗ੍ਰਹਿ

1. ਹੰਝੂਆਂ ਦੇ ਹਾਰ 1935
2. ਮਿੱਧੇ ਹੋਏ ਫੁੱਲ 1938
3. ਠੰਡੀਆਂ ਛਾਵਾਂ(1940)
4. ਸੱਧਰਾਂ ਦੇ ਹਾਰ 1936
5. ਸੁਨਹਿਰੀ ਜਿਲਦ 1940
6. ਉਲਝਣਾਂ
7. ਸੁਪਨਿਆਂ ਦੀ ਕਬਰ
8. ਵੱਡਾ ਡਾਕਟਰ ਤੇ ਹੋਰ ਕਹਾਣੀਆਂ
9. ਤਾਸ ਦੀ ਆਦਤ
10. ਭੂਆ
11. ਸਵਰਗ ਤੇ ਉਸ ਦੇ ਵਾਰਸ 1972
12. ਪਰਭਾਤ ਦਾ ਸੁਪਨਾ
13. ਤਸਵੀਰ ਦੇ ਦੋਵੇਂ ਪਾਸੇ **(ਅਨੁਵਾਦਿਤ ਕਹਾਣੀਆਂ)**
14. ਮੇਰੀਆਂ ਚੋਣਵੀਆਂ ਕਹਾਣੀਆਂ 1973

## ਨਾਵਲ

1. ਮਤਰੇਈ ਮਾਂ **(1924/1927/1928)?**
2. ਆਸਤਕ ਨਾਸਤਕ
3. ਆਦਮ ਖੋਰ
4. ਅੱਧ ਖਿੜਿਆ ਫੁੱਲ
5. ਅੱਗ ਦੀ ਖੇਡ
6. ਅਣਸੀਤੇ ਜ਼ਖ਼ਮ
7. ਬੰਜਰ
8. ਚੜ੍ਹਦੀ ਕਲਾ
9. ਛਲਾਵਾ
10. ਚਿੱਤਰਕਾਰ
11. ਚਿੱਟਾ ਲਹੂ
12. ਧੁੰਦਲੇ ਪਰਛਾਵੇਂ
13. ਦੂਰ ਕਿਨਾਰਾ

14. ਫੌਲਾਦੀ ਫੁੱਲ
15. ਗਗਨ ਦਮਾਮਾ ਬਾਜਿਓ
16. ਗੰਗਾ ਜਲੀ ਵਿੱਚ ਸ਼ਰਾਬ
17. ਗਰੀਬ ਦੀ ਦੁਨੀਆਂ
18. ਇਕ ਮਿਆਨ ਦੋ ਤਲਵਾਰਾਂ
19. ਜੀਵਨ ਸੰਗਰਾਮ
20. ਕਾਗਤਾਂ ਦੀ ਬੇੜੀ
21. ਕਾਲ ਚੱਕਰ
22. ਕਟੀ ਹੋਈ ਪਤੰਗ
23. ਖ਼ੂਨ ਦੇ ਸੋਹਲੇ
24. ਕੋਈ ਹਰਿਆ ਬੂਟ ਰਹਿਓ ਰੀ
25. ਲੰਮਾ ਪੈਂਡਾ
26. ਲਵ ਮੈਰਿਜ
27. ਮੰਝਧਾਰ
28. ਮਿੱਠਾ ਮਹੁਰਾ
29. ਨਾਸੂਰ
30. ਪਾਪ ਦੀ ਖੱਟੀ
31. ਪ੍ਰਾਸ਼ਚਿਤ
32. ਪੱਥਰ ਦੇ ਖੰਭ
33. ਪਵਿੱਤਰ ਪਾਪੀ
34. ਪਿਆਰ ਦਾ ਦੇਵਤਾ
35. ਪਿਆਰ ਦੀ ਦੁਨੀਆਂ
36. ਪ੍ਰੇਮ ਸੰਗੀਤ
37. ਪੁਜਾਰੀ
38. ਰੱਬ ਆਪਣੇ ਅਸਲੀ ਰੂਪ ਵਿੱਚ
39. ਰਜਨੀ
40. ਸੰਗਮ
41. ਸਰਾਪੀਆਂ ਰੂਹਾਂ
42. ਸੁਮਨ ਕਾਂਤਾ
43. ਸੁਪਨਿਆਂ ਦੀ ਕਬਰ
44. ਟੁੱਟੇ ਖੰਭ
45. ਟੁੱਟੀ ਵੀਣਾ
46. ਵਰ ਨਹੀਂ ਸਰਾਪ
47. ਵਿਸ਼ਵਾਸਘਾਤ

**ਅਨੁਵਾਦਿਤ ਨਾਵਲ**

- ਪੱਥਰ ਕਾਂਬਾ (ਤਰਜਮਾ)
- ਪਤਝੜ ਦੇ ਪੰਛੀ (ਤਰਜਮਾ)
- ਫਰਾਂਸ ਦਾ ਡਾਕੂ (ਤਰਜਮਾ)
- ਸੂਲਾਂ ਦੀ ਸੇਜ (ਤਰਜਮਾ)

**ਸਵੈਜੀਵਨੀ/ਯਾਦਾਂ**

1. ਮੇਰੀ ਦੁਨੀਆ (ਆਤਮਕਥਾ)
2. ਮੇਰੀਆਂ ਸਦੀਵੀ ਯਾਦਾਂ

**ਸਾਹਿਤਕ ਪੱਤ੍ਰਿਕਾ**

- ਲੋਕ ਸਾਹਿਤ (ਮਾਸਿਕ ਪੱਤ੍ਰਿਕਾ 1951-52 ਵਿਚ ਸ਼ੁਰੂ ਕੀਤੀ)

**ਸਨਮਾਨ**

- ਇਤਿਹਾਸਕ ਨਾਵਲ ਇਕ ਮਿਆਨ ਦੋ ਤਲਵਾਰਾਂ ਨੂੰ 1961 ਵਿੱਚ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ।
- 1968 ਵਿੱਚ ਪਵਿੱਤਰ ਪਾਪੀ ਦੇ ਅਧਾਰਿਤ ਇੱਕ ਹਿੰਦੀ ਫ਼ਿਲਮ ਵੀ ਬਣ ਚੁੱਕੀ ਹੈ।

**ਯਾਦਗਾਰ**

- ਪ੍ਰੀਤ ਨਗਰ ਵਿੱਚ ਉਸ ਦੇ ਨਾਂ ’ਤੇ ਗੁਰਬਖਸ਼ ਸਿੰਘ ਨਾਨਕ ਸਿੰਘ ਫਾਊਂਡੇਸ਼ਨ ਅਤੇ ਪ੍ਰੀਤ ਭਵਨ ਓਪਨ ਏਅਰ ਥੀਏਟਰ ਹਨ। ਉਸ ਦੀ ਸਮਾਧ ਵਾਲ਼ੇ ਸਥਾਨ ’ਤੇ ਪਾਰਕ ਹੈ।